**BCM SCHOOL BASANT AVENUE DUGRI ROAD LUDHIANA**

**Class – *5th***

**Punjabi-ASSIGNMENT -2**

**1.ਅਣਡਿੱਠਾ ਪੈਰਾ**

ਭਾਰਤ ਵਿੱਚ ਇਤਿਹਾਸਿਕ ਮੰਦਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਦਿੱਲੀ, ਮੁੰਬਈ, ਕੋਲਕਾਤਾ ਆਦਿ ਸ਼ਹਿਰ ਕਈ ਮੰਦਰਾਂ ਕਰਕੇ ਪ੍ਰਸਿੱਧ ਹਨ। ਕੋਨਾਰਕ ਦਾ ਸੂਰਜ ਮੰਦਰ ਬਹੁਤ ਪ੍ਰਸਿੱਧ ਹੈ। ਇਹ ਮੰਦਰ ਵਿਸ਼ਾਲ ਰੱਥ ਦੀ ਸ਼ਕਲ ਵਿੱਚ ਬਣਿਆ ਹੋਇਆ ਹੈ। ਜਿਸ ਵਿੱਚ ਬਾਰਾਂ ਜੋੜੇ ਪਹੀਏ ਅਤੇ ਸੱਤ ਘੋੜੇ ਲੱਗੇ ਹੋਏ ਹਨ। ਇਹ ਸੱਤ ਘੋੜੇ ਸੂਰਜ ਦੇ ਸੱਤ ਰੰਗਾਂ ਦੀ ਰੌਸ਼ਨੀ ਦੇ ਪ੍ਰਤੀਕ ਹਨ। ਜਦੋਂ ਸੂਰਜ ਦੇਵਤਾ ਸਵੇਰੇ ਨੀਲੇ ਸਮੁੰਦਰ ਤੋਂ ਉਤਾਂਹ ਉੱਠਦੇ ਹਨ, ਤਾਂ ਪਹਿਲੀਆਂ ਕਿਰਨਾਂ ਇਸ ਮੰਦਰ ਦੇ ਮੁੱਖ ਦੁਆਰ ਉੱਤੇ ਪੈਂਦੀਆਂ ਹਨ। ਇਹ ਮੰਦਰ ਭਾਰਤ ਦੇ ਪ੍ਰਸਿੱਧ ਮੰਦਰਾਂ ਵਿੱਚੋਂ ਇੱਕ ਹੈ।

ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-

(ੳ) ਸੂਰਜ ਦੀਆਂ ਕਿਰਨਾਂ ਮੰਦਿਰ ਦੇ ਕਿਹੜੇ ਹਿੱਸੇ ਤੇ ਪਹਿਲਾਂ ਪੈਂਦੀਆਂ ਹਨ?

1. ਪਿਛਲੇ ਭਾਗ ਤੇ 2. ਸਾਹਮਣੇ।

**2. ਕਥਨ/ਕਾਰਨ**

ਕਥਨ – ਜਿਹੜਾ, ਉਹੀ , ਜੋ ਆਦਿ ਸਬੰਧਵਾਚਕ ਪੜਨਾਵ ਦੀਆਂ ਉਦਾਹਰਨਾਂ ਹਨ।

ਕਾਰਨ – ਕਿਉਂਕਿ ਇਹ ਦੋ ਵਾਕਾਂ ਨੂੰ ਆਪਸ ਵਿੱਚ ਜੋੜਦੇ ਹਨ।

(ੳ) ਕਥਨ ਅਤੇ ਕਾਰਨ ਦੋਵੇਂ ਸਹੀ ਹਨ।

(ਅ) ਕਥਨ ਗਲਤ ਹੈ ਅਤੇ ਕਾਰਨ ਸਹੀ ਹੈ।

3. ਉਹ ਜਿਉਣਾ ਨਹੀਂ ਚਾਹੁੰਦਾ- ਰੇਖਾਕਿਤ ਸ਼ਬਦ ਦਾ ਵਿਰੋਧੀ ਸ਼ਬਦ ਕਿਹੜਾ ਹੈ?

(ੳ) ਮਾਰਨਾ (ਅ) ਮਰਨਾ

4. 66 ਤੋਂ ਅਗਲਾ ਸ਼ਬਦ ਕਿਹੜਾ ਹੋਵੇਗਾ?

(ੳ) ਅਠਾਹਟ (ਅ) ਸਤਾਹਟ

5. ਉਹ ਹਮੇਸ਼ਾ ਚੁਗਲੀ ਕਰਦਾ ਹੈ।- ਵਾਕ ਲਈ ਸਹੀ ਮੁਹਾਵਰਾ ਚੁਣੋ।

(ੳ) ਉੱਲੂ ਬੋਲਣਾ (ਅ) ਕੰਨ ਭਰਨੇ

## ਸਾਹਿਤ

**ਸ਼ਬਦ ਅਰਥ-** ਪਲੋ – ਪਲੀ - ਮਿੰਟਾਂ -ਸਕਿੰਟਾਂ ਵਿੱਚ, ਕੁੱਲੀ - ਮਕਾਨ

**ਵਾਕ ਬਣਾਓ-** ਅਸਲੀ- ਉਸ ਨੇ ਅਸਲੀ ਸੋਨੇ ਦੀ ਥਾਂ ਨਕਲੀ ਸੋਨਾ ਵੇਖਿਆ।

ਡੋਰੀ – ਉਸ ਨੇ ਰੇਸ਼ਮ ਦੀ ਡੋਰੀ ਖਰੀਦੀ।

### ਛੋਟੇ ਪ੍ਰਸ਼ਨ-ਉੱਤਰ

1. ਕਵਿਤਾ ਵਿੱਚ ਗੰਨੇ ਦੀ ਪੋਰੀ ਕਿਸ ਨੂੰ ਕਿਹਾ ਗਿਆ ਹੈ?

   ਉੱਤਰ - ਮਾਂ ਦੀ ਲੋਰੀ ਨੂੰ।
2. ਸੰਗਤਾਂ ਨੌਵੇਂ ਗੁਰੂ ਜੀ ਦੀ ਭਾਲ ਕਿੱਥੇ ਕਰ ਰਹੀਆਂ ਸਨ?

   ਉੱਤਰ- ਬਾਬਾ ਬਕਾਲਾ ਵਿਖੇ।

### ਵੱਡੇ ਪ੍ਰਸ਼ਨ - ਉੱਤਰ

1. ਸੰਗਤਾਂ ਦੀ ਚਿੰਤਾ ਦਾ ਕਾਰਨ ਕੀ ਸੀ?

   ਉੱਤਰ- ਸੰਗਤਾਂ ਚਿੰਤਾ ਵਿੱਚ ਇਸ ਲਈ ਪੈ ਗਈਆਂ ਕਿਉਂਕਿ ਉਹਨਾਂ ਨੂੰ ਆਪਣੇ ਨੌਵੇਂ ਗੁਰੂ ਦਾ ਨਾਂ ਨਹੀਂ ਸੀ ਪਤਾ । ਇਸ ਗੱਲ ਦਾ ਫਾਇਦਾ ਚੁੱਕ ਕੇ ਬਹੁਤ ਸਾਰੇ ਮਸੰਦਾਂ ਨੇ ਆਪਣੀਆਂ - ਆਪਣੀਆਂ ਮੰਜੀਆਂ ਸਥਾਪਿਤ ਕਰ ਲਈਆਂ। ਜਿਸ ਕਾਰਨ ਸੰਗਤਾਂ ਆਪਣੇ ਗੁਰੂ ਦੀ ਪਛਾਣ ਨਹੀਂ ਕਰ ਪਾ ਰਹੀਆਂ ਸਨ।

### ਮੁੱਲ ਪਰਖ ਪ੍ਰਸ਼ਨ-

1. **ਸਿੱਖ ਧਰਮ ਦੇ ਆਖਰੀ ਦੋ ਗੁਰੂ ਸਾਹਿਬਾਨਾਂ ਦੇ ਨਾਮ ਲਿਖੋ।**

   ਉੱਤਰ- ਗੁਰੂ ਤੇਗ ਬਹਾਦਰ ਜੀ

   ਗੁਰੂ ਗੋਬਿੰਦ ਸਿੰਘ ਜੀ।